# ਤੁਹਾਨੂੰ ਸੰਭਾਵੀ ਕੰਮ ਦੀ ਸਮਾਂ-ਸੂਚੀ ਪ੍ਰਾਪਤ ਕਰਨ ਦਾ ਹੱਕ ਹੈ

NYC ਦੇ Fair Workweek Law (ਨਿਰਪੱਖ ਕੰਮ ਦਾ ਹਫ਼ਤਾ ਕਨੂੰਨ) ਦੇ ਅਧੀਨ, ਫਾਸਟ ਫੂਡ ਮਾਲਕਾਂ ਲਈ ਲਾਜ਼ਮੀ ਹੈ ਕਿ ਉਹ ਆਪਣੇ ਵਰਕਰਾਂ ਨੂੰ ਸੰਭਾਵੀ ਕੰਮ ਦੀਆਂ ਸਮਾਂ-ਸੂਚੀਆਂ ਦੇਣ। ਮਾਲਕਾਂ ਲਈ ਲਾਜ਼ਮੀ ਹੈ ਕਿ ਉਹ ਇਸ ਨੋਟਿਸ ਨੂੰ ਉੱਥੇ ਲਗਾਉਣ, ਜਿੱਥੇ ਕਰਮਚਾਰੀ ਉਸਨੂੰ ਹਰੇਕ NYC ਕਾਰਜਸਥਾਨ ਵਿਖੇ ਅਸਾਨੀ ਨਾਲ ਦੇਖ ਸਕਣ।*

## ਕਨੂੰਨ ਵੱਲੋਂ ਕਵਰ ਕੀਤੇ ਗਏ ਫਾਸਟ ਫੂਡ ਵਰਕਰ

ਉਹ ਕਰਮਚਾਰੀ, ਜੋ NYC ਵਿੱਚ ਕਿਸੇ ਫਾਸਟ ਫੂਡ ਸੰਸਥਾਨ ਵਿਖੇ ਹੇਠਾਂ ਦਿੱਤੇ ਕੰਮਾਂ ਵਿੱਚੋਂ ਘੱਟੋ-ਘੱਟ ਇੱਕ ਕਰਦੇ ਹਨ।

- ਗਾਹਕ ਸੇਵਾ
- ਕੁਕਿੰਗ
- ਭੋਜਨ ਜਾਂ ਪੀਣ ਵਾਲੇ ਪਦਾਰਥ ਤਿਆਰ ਕਰਨਾ
- ਔਫ-ਸਾਈਟ ਡਿਲੀਵਰੀ
- ਸਿਕਿਓਰਿਟੀ
- ਸਟੌਕਿੰਗ ਸਪਲਾਈਜ਼ ਜਾਂ ਉਪਕਰਨ
- ਸਫ਼ਾਈ
- ਨਿੱਤਨੇਮ ਸਬੰਧੀ ਦੇਖਭਾਲ ਡਿਊਟੀਆਂ

*ਇਹ ਕਾਨੂੰਨ ਇਮੀਗ੍ਰੇਸ਼ਨ ਰੁਤਬੇ ਤੇ ਵਿਚਾਰ ਕੀਤੇ ਲਾਗੂ ਹੁੰਦਾ ਹੈ।*

**ਮਾਲਕ ਕਰਮਚਾਰੀਆਂ ਨੂੰ ਅਜਿਹੀ ਸਜ਼ਾ ਨਹੀਂ ਦੇ ਸਕਦੇ, ਸਜ਼ਾ ਦੇ ਯੋਗ ਨਹੀਂ ਠਹਿਰਾ ਸਕਦੇ, ਬਦਲਾ ਨਹੀਂ ਲੈ ਸਕਦੇ ਜਾਂ ਉਹਨਾਂ ਦੇ ਵਿਰੁੱਧ ਕੋਈ ਵੀ ਅਜਿਹੀ ਕਾਰਵਾਈ ਨਹੀਂ ਕਰ ਸਕਦੇ, ਜੋ ਉਹਨਾਂ ਨੂੰ ਆਪਣੇ ਕਨੂੰਨੀ ਹੱਕਾਂ ਦਾ ਇਸਤੇਮਾਲ ਕਰਨ ਤੋਂ ਰੋਕੇ ਜਾਂ ਡਰ ਵਿਖਾ ਕੇ ਵਰਜਦੀ ਹੋਵੇ। ਵਰਕਰਾਂ ਨੂੰ ਬਦਲੇ ਬਾਰੇ ਤੁਰੰਤ OLPS ਨੂੰ ਸੰਪਰਕ ਕਰਨਾ ਚਾਹੀਦਾ ਹੈ। ਹੇਠਾਂ ਦੇਖੋ।**

## ਤੁਹਾਡੇ ਅਧਿਕਾਰ

### ਅਨੁਮਾਨਿਤ ਸਮਾਂ-ਸੂਚੀ ਅਤੇ ਪਹਿਲੇ ਕੰਮ ਦੀ ਸਮਾਂ-ਸੂਚੀ

ਕੰਮ ਦੇ ਤੁਹਾਡੇ ਪਹਿਲੇ ਦਿਨ ਨੂੰ ਜਾਂ ਇਸਤੋਂ ਪਹਿਲਾਂ, ਤੁਹਾਡੇ ਮਾਲਕ ਨੂੰ ਤੁਹਾਨੂੰ ਇਹ ਦੇਣਾ ਲਾਜ਼ਮੀ ਹੈ:

- *ਕੰਮ ਦੇ ਪਹਿਲੇ 2 ਹਫਤਿਆਂ ਤੱਕ ਸ਼ਿਫਟਾਂ ਦੇ ਘੰਟਿਆਂ, ਤਾਰੀਖ਼ਾਂ, ਸ਼ੁਰੂ ਅਤੇ ਖ਼ਤਮ ਹੋਣ ਦੇ ਸਮਿਆਂ ਅਤੇ ਸਥਾਨਾਂ ਦੇ ਨਾਲ ਲਿਖਤ ਸਮਾਂ-ਸੂਚੀਆਂ।*
- *ਲਿਖਤ "ਨੇਕਨੀਤੀ ਅਨੁਮਾਨ" (ਦਿਨ, ਸਮੇਂ, ਘੰਟੇ, ਸਥਾਨ, ਜਿੱਥੇ ਤੁਸੀਂ ਆਪਣੀ ਨੌਕਰੀ ਦੇ ਦੌਰਾਨ ਕੰਮ ਕਰਨ ਦੀ ਆਸ ਕਰਦੇ ਹੋ)। ਤੁਹਾਡੇ ਮਾਲਕ ਲਈ ਅਨੁਮਾਨ ਵਿੱਚ ਤਬਦੀਲੀ ਹੋਣ 'ਤੇ ਇੱਕ ਅੱਪਡੇਟ ਕੀਤਾ ਅਨੁਮਾਨ ਮੁਹੱਈਆ ਕਰਨਾ ਲਾਜ਼ਮੀ ਹੈ।*

### ਕੰਮ ਦੀ ਸਮਾਂ-ਸੂਚੀ ਬਾਰੇ 2 ਹਫ਼ਤੇ ਦੀ ਪੂਰਵ ਸੂਚਨਾ (ਐਡਵਾਂਸ ਨੋਟਿਸ)

14

*ਤੁਹਾਡੇ ਮਾਲਕ ਲਈ ਸਮਾਂ-ਸੂਚੀ ਵਿੱਚ ਤੁਹਾਡੀ ਪਹਿਲੀ ਸ਼ਿਫਟ ਤੋਂ ਘੱਟੋ-ਘੱਟ 14 ਦਿਨ ਪਹਿਲਾਂ ਤੁਹਾਨੂੰ ਲਿਖਤ ਕੰਮ ਸਮਾਂ-ਸੂਚੀ ਦੇਣਾ ਲਾਜ਼ਮੀ ਹੈ। ਸਮਾਂ-ਸੂਚੀਆਂ ਵਿੱਚ ਸਾਰੀਆਂ ਸ਼ਿਫਟਾਂ ਦੀਆਂ ਤਾਰੀਖ਼ਾਂ, ਸ਼ਿਫਟ ਸ਼ੁਰੂ ਅਤੇ ਖ਼ਤਮ ਹੋਣ ਦੇ ਸਮਿਆਂ ਅਤੇ ਸਥਾਨ(ਨਾਂ) ਦੇ ਨਾਲ ਘੱਟੋ-ਘੱਟ 7 ਕੈਲੰਡਰ ਦਿਨ ਸ਼ਾਮਲ ਹੋਣੇ ਲਾਜ਼ਮੀ ਹਨ। ਜੇਕਰ ਸਮਾਂ-ਸੂਚੀ ਬਦਲਦੀ ਹੈ, ਤਾਂ ਤੁਹਾਡੇ ਮਾਲਕ ਲਈ ਲਾਜ਼ਮੀ ਹੈ ਕਿ ਉਹ 24 ਘੰਟਿਆਂ ਦੇ ਅੰਦਰ ਜਾਂ ਜਲਦੀ ਤੋਂ ਜਲਦੀ ਸਾਰੇ ਪ੍ਰਭਾਵਿਤ ਵਰਕਰਾਂ ਨੂੰ ਸੰਪਰਕ ਕਰੇ।*

### ਚਾਲੂ ਸ਼ਿਫਟਾਂ ਵਿੱਚ ਕੰਮ ਕਰਨ ਨੂੰ ਤਰਜੀਹ

ਕਿਸੇ ਨਵੇਂ ਕਰਮਚਾਰੀ ਨੂੰ ਕੰਮ 'ਤੇ ਰੱਖਣ ਤੋਂ ਪਹਿਲਾਂ, ਜਦੋਂ ਨਵੀਂ ਸ਼ਿਫਟ ਉਪਲਬਧ ਹੋਵੇ ਤਾਂ ਤੁਹਾਡੇ ਮਾਲਕ ਲਈ ਇਹ ਕਰਨਾ ਲਾਜ਼ਮੀ ਹੈ:

- *ਤੁਹਾਡੀ ਕੰਮ ਦੀ ਥਾਂ ਵਿਖੇ ਜਾਣਕਾਰੀ ਪੋਸਟ ਕਰਕੇ ਅਤੇ ਤੁਹਾਨੂੰ ਇਲੈਕਟ੍ਰੋਨੀਕਲੀ, ਟੈਕਸਟ ਜਾਂ ਈਮੇਲ ਸਮੇਤ, ਸਿੱਧੇ ਜਾਣਕਾਰੀ ਮੁਹੱਈਆ ਕਰਕੇ ਸਭ ਤੋਂ ਪਹਿਲਾਂ NYC ਵਿੱਚ ਮੌਜੂਦਾ ਵਰਕਰਾਂ ਨੂੰ ਸ਼ਿਫਟਾਂ ਬਾਰੇ ਸੂਚਿਤ ਕਰਨਾ।*
- *ਕੰਮ ਦੀ ਥਾਂ ਵਿਖੇ ਵਰਕਰਾਂ ਲਈ ਚਾਲੂ ਸ਼ਿਫਟਾਂ ਵਿੱਚ ਕੰਮ ਕਰਨ ਨੂੰ ਤਰਜੀਹ ਦੇਣਾ, ਜਿੱਥੇ ਸ਼ਿਫਟਾਂ ਉਪਲਬਧ ਹੋਣ।*
- *ਹੋਰ ਕੰਮ ਦੀ ਥਾਂਵਾਂ ਦੇ ਇੱਛੁਕ ਵਰਕਰਾਂ ਨੂੰ ਸਿਰਫ਼ ਉਦੋਂ ਸ਼ਿਫਟਾਂ ਦੇਣਾ, ਜਦੋਂ ਕੰਮ ਦੀ ਥਾਂ ਦੇ ਕੋਈ ਵੀ ਨਹੀਂ ਜਾਂ ਨਾਕਾਫ਼ੀ ਵਰਕਰ ਕੰਮ ਸਵੀਕਾਰ ਕਰਨ।*

ਤੁਹਾਡਾ ਮਾਲਕ ਉਦੋਂ ਸਿਰਫ਼ ਨਵੇਂ ਵਰਕਰਾਂ ਨੂੰ ਕੰਮ 'ਤੇ ਰੱਖ ਸਕਦਾ ਹੈ, ਜੇਕਰ ਕੋਈ ਵੀ ਮੌਜੂਦਾ NYC ਵਰਕਰ ਪੋਸਟ ਕੀਤੀ ਆਖ਼ਰੀ ਤਾਰੀਖ ਤੱਕ ਸ਼ਿਫਟਾਂ ਸਵੀਕਾਰ ਨਾ ਕਰਨ।

### "clopening" ਸ਼ਿਫਟਾਂ ਲਈ ਸਹਿਮਤੀ ਦੇ ਨਾਲ-ਨਾਲ $100

ਤੁਹਾਡਾ ਮਾਲਕ ਤੁਹਾਨੂੰ 2 ਦਿਨਾਂ ਤੱਕ 2 ਸ਼ਿਫਟਾਂ ਵਿੱਚ ਕੰਮ ਨਹੀਂ ਕਰਵਾ ਸਕਦਾ, ਜਦੋਂ ਪਹਿਲੀ ਸ਼ਿਫਟ ਸ਼ਾਮ ਨੂੰ ਖ਼ਤਮ ਹੁੰਦੀ ਹੋਵੇ ਅਤੇ ਸ਼ਿਫਟਾਂ ਵਿਚਕਾਰ 11 ਘੰਟਿਆਂ ਤੋਂ ਘੱਟ ਦਾ ਸਮਾਂ ਹੋਵੇ ("ਕਲੋਪਨਿੰਗ"), ਜਦੋਂ ਤੱਕ ਕਿ ਤੁਸੀਂ ਲਿਖਤ ਵਿੱਚ ਸਹਿਮਤੀ ਨਾ ਦਿਓ ਅਤੇ ਤੁਹਾਨੂੰ ਸ਼ਿਫਟ ਵਿੱਚ ਕੰਮ ਕਰਨ ਲਈ $100 ਪ੍ਰੀਮੀਅਮ ਦਾ ਭੁਗਤਾਨ ਨਾ ਕੀਤਾ ਜਾਏ।

### ਬਿਲਕੁੱਲ ਅਖੀਰ ਵਿੱਚ ਸਮਾਂ-ਸੂਚੀ ਵਿੱਚ ਤਬਦੀਲੀਆਂ ਲਈ ਸਹਿਮਤੀ ਅਤੇ ਪ੍ਰੀਮੀਅਮ ਭੁਗਤਾਨ

ਤੁਹਾਡਾ ਮਾਲਕ ਤੁਹਾਡੀ ਲਿਖਤ ਸਹਿਮਤੀ ਦੇ ਬਿਨਾਂ ਅਤੇ ਹੇਠਾਂ ਦਿੱਤੇ ਪ੍ਰੀਮੀਅਮਾਂ ਦੇ ਭੁਗਤਾਨ ਕੀਤੇ ਬਿਨਾਂ ਤਬਦੀਲੀ ਦੇ ਪ੍ਰਭਾਵੀ ਹੋਣ ਤੋਂ ਪਹਿਲਾਂ 14 ਦਿਨਾਂ ਤੋਂ ਘੱਟ ਤੁਹਾਡੀ ਸਮਾਂ-ਸੂਚੀ ਵਿੱਚ ਤਬਦੀਲੀਆਂ ਨਹੀਂ ਕਰ ਸਕਦਾ।

| ਨੋਟਿਸ ਦੀ ਰਕਮ | ਕੰਮ ਦਾ ਵਾਧੂ ਸਮਾਂ ਜਾਂ ਸ਼ਿਫਟਾਂ | ਸ਼ਿਫਟਾਂ ਵਿੱਚ ਤਬਦੀਲੀ ਪਰੰਤੂ ਕੰਮ ਦੇ ਪੂਰੇ ਸਮੇਂ ਵਿੱਚ ਕੋਈ ਤਬਦੀਲੀ ਨਹੀਂ | ਕੰਮ ਦਾ ਘਟਿਆ ਹੋਇਆ ਸਮਾਂ ਜਾਂ ਸ਼ਿਫਟਾਂ |
|---|---|---|---|
| 14 ਦਿਨਾਂ ਤੋਂ ਘੱਟ ਦਾ ਨੋਟਿਸ | $10 ਪ੍ਰਤੀ ਤਬਦੀਲੀ | $10 ਪ੍ਰਤੀ ਤਬਦੀਲੀ | $20 ਪ੍ਰਤੀ ਤਬਦੀਲੀ |
| 7 ਦਿਨਾਂ ਤੋਂ ਘੱਟ ਦਾ ਨੋਟਿਸ | $15 ਪ੍ਰਤੀ ਤਬਦੀਲੀ | $15 ਪ੍ਰਤੀ ਤਬਦੀਲੀ | $45 ਪ੍ਰਤੀ ਤਬਦੀਲੀ |
| 24 ਦਿਨਾਂ ਤੋਂ ਘੱਟ ਦਾ ਨੋਟਿਸ | $15 ਪ੍ਰਤੀ ਤਬਦੀਲੀ | $15 ਪ੍ਰਤੀ ਤਬਦੀਲੀ | $75 ਪ੍ਰਤੀ ਤਬਦੀਲੀ |

***ਉਦੋਂ ਪ੍ਰੀਮੀਅਮ ਭੁਗਤਾਨ ਦੀ ਲੋੜ ਨਹੀਂ ਹੁੰਦੀ, ਜਦੋਂ:***

1. ਤੁਹਾਡਾ ਮਾਲਕ ਇਹਨਾਂ ਕਾਰਨ ਬੰਦ ਕਰ ਦਿੰਦਾ ਹੈ: ਵਰਕਰ ਦੀ ਸੁਰੱਖਿਆ ਨੂੰ ਜਾਂ ਮਾਲਕ ਦੀ ਪ੍ਰਾਪਰਟੀ ਨੂੰ ਖ਼ਤਰਾ ਹੋਵੇ; ਜਨਤਕ ਯੂਟੀਲਿਟੀ ਅਸਫਲਤਾ; ਜਨਤਕ ਆਵਾਜਾਈ ਦਾ ਬੰਦ ਹੋਣਾ; ਅੱਗ ਲੱਗਣਾ, ਹੜ੍ਹ ਆਉਣਾ ਜਾਂ ਹੋਰ ਕੁਦਰਤੀ ਸੰਕਟ; ਸਰਕਾਰ ਵੱਲੋਂ ਘੋਸ਼ਿਤ ਕੀਤੀ ਐਮਰਜੈਂਸੀ ਦੀ ਸਥਿਤੀ।
2. ਤੁਸੀਂ ਕਿਸੇ ਖ਼ਾਸ ਸ਼ਿਫਟ ਲਈ ਸਮਾਂ-ਸੂਚੀ ਵਿੱਚ ਤਬਦੀਲੀ ਦੀ ਬੇਨਤੀ ਕਰਦੇ ਹੋ।
3. ਤੁਸੀਂ ਹੋਰ ਕਰਮਚਾਰੀ ਨਾਲ ਸ਼ਿਫਟਾਂ ਅਦਲਾ-ਬਦਲੀ ਕਰਦੇ ਹੋ।
4. ਤੁਹਾਡੇ ਮਾਲਕ ਲਈ ਤਬਦੀਲੀ ਵਾਲੀ ਸ਼ਿਫਟ ਲਈ ਓਵਰਟਾਈਮ ਦਾ ਭੁਗਤਾਨ ਕਰਨਾ ਲਾਜ਼ਮੀ ਹੈ।

## ਸ਼ਿਕਾਇਤ ਫਾਈਲ ਕਰਨਾ

Department of Consumer Affairs (DCA) Office of Labor Policy & Standards (ਗਾਹਕ ਮਾਮਲਿਆਂ ਸਬੰਧੀ ਵਿਭਾਗ ਦਾ ਲੇਬਰ ਨੀਤੀ ਅਤੇ ਮਿਆਰਾਂ ਬਾਰੇ ਦਫਤਰ) (OLPS), NYC ਦੀ Fair Workweek Law ਨੂੰ ਲਾਗੂ ਕਰਦਾ ਹੈ, ਜੋ 26 ਨਵੰਬਰ, 2017 ਨੂੰ ਪ੍ਰਭਾਵੀ ਹੋਈ ਸੀ।

**OLPS ਕੋਲ ਸ਼ਿਕਾਇਤ ਫਾਈਲ ਕਰਨ ਲਈ, nyc.gov/dca** 'ਤੇ ਜਾਓ ਜਾਂ **311** (NYC ਦੇ ਬਾਹਰ 212-NEW-YORK) 'ਤੇ ਸੰਪਰਕ ਕਰੋ ਅਤੇ "Fair Workweek Law" ਦੀ ਮੰਗ ਕਰੋ। OLPS ਜਾਂਚ ਕਰੇਗਾ ਅਤੇ ਤੁਹਾਡੀ ਸ਼ਿਕਾਇਤ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕਰੇਗਾ। **OLPS ਤੁਹਾਡੀ ਪਛਾਣ ਗੁਪਤ ਰੱਖੇਗਾ, ਜਦੋਂ ਤੱਕ ਕਿ ਇਸਦਾ ਪ੍ਰਗਟਾਵਾ ਜਾਂਚ ਪੂਰੀ ਕਰਨ ਲਈ ਜ਼ਰੂਰੀ ਨਾ ਹੋਵੇ ਜਾਂ ਕਨੂੰਨ ਵੱਲੋਂ ਲੋੜੀਂਦਾ ਨਾ ਹੋਵੇ।**

ਤੁਸੀਂ ਅਦਾਲਤ ਵਿੱਚ ਇੱਕ ਕਾਰਵਾਈ ਲਈ ਵੀ ਫਾਈਲ ਕਰ ਸਕਦੇ ਹੋ। ਹਾਲਾਂਕਿ, ਤੁਸੀਂ ਇੱਕੋ ਸਮੇਂ OLPS ਨੂੰ ਸ਼ਿਕਾਇਤ ਅਤੇ ਅਦਾਲਤ ਵਿੱਚ ਦਾਅਵਾ ਨਹੀਂ ਕਰ ਸਕਦੇ।

## OLPS ਨੂੰ ਸੰਪਰਕ ਕਰਨਾ

**nyc.gov/dca**'ਤੇ ਜਾਓ, **FWW@dca.nyc.gov**'ਤੇ ਈਮੇਲ ਕਰੋ ਜਾਂ **311** 'ਤੇ ਸੰਪਰਕ ਕਰੋ ਅਤੇ "Fair Workweek Law" ਦੀ ਮੰਗ ਕਰੋ।

NYC Consumer Affairs

Bill de Blasio
Mayor

Lorelei Salas
Commissioner

**ਤੁਹਾਡੇ ਮਾਲਕ ਲਈ ਲਾਜ਼ਮੀ ਹੈ ਕਿ ਉਹ ਇਸ ਨੋਟਿਸ ਨੂੰ ਅੰਗਰੇਜ਼ੀ ਵਿੱਚ ਅਤੇ ਕਿਸੇ ਵੀ ਅਜਿਹੀ ਭਾਸ਼ਾ ਵਿੱਚ ਲਗਾਵੇ, ਜੋ ਤੁਹਾਡੀ ਕੰਮ ਦੀ ਥਾਂ ਵਿਖੇ ਕੰਮ ਕਰਨ ਵਾਲੇ ਵਰਕਰਾਂ ਵਿੱਚੋਂ ਘੱਟੋ-ਘੱਟ 5 ਪ੍ਰਤੀਸ਼ਤ ਦੀ ਮੂਲ ਭਾਸ਼ਾ ਹੋਵੇ, ਜੇਕਰ ਇਹ DCA ਦੀ ਵੈਬਸਾਈਟ 'ਤੇ ਉਪਲਬਧ ਹੈ।*

08/2018